## ਪੰਜਾਬ ਵਿਧਾਨ ਸਭਾ ਸਕੱਤਰੇਤ

**ਮੰਗਲਵਾਰ, ਮਿਤੀ 27 ਮਾਰਚ, 2018 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

### ਨਗਰ ਕੌਂਸਲ ਕੋਟ ਫੱਤਾ, ਜ਼ਿਲ੍ਹਾ ਬਠਿੰਡਾ ਦੀ ਜ਼ਮੀਨ ਵਾਪਿਸ ਲੈਣਾ

163. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਨਗਰ ਕੌਂਸਲ, ਕੋਟ ਫੱਤਾ ਜਿਲਾ ਬਠਿੰਡਾ ਦੀ ਮਾਲਕੀ ਵਾਲਾ ਰਕਬਾ ਸਾਲ 2010 ਵਿਚ ਕਿੰਨਾ ਸੀ ਅਤੇ ਸਾਲ 2017 ਵਿਚ ਕਿੰਨਾ ਰਹਿ ਗਿਆ ਹੈ;

ਅ) ਕੀ ਇਹ ਠੀਕ ਹੈ ਕਿ ਨਗਰ ਕੌਂਸਲ, ਕੋਟ ਫੱਤਾ ਦੀ ਮਾਲਕੀ ਵਾਲਾ ਰਕਬਾ ਸਾਲ 2010 ਤੋਂ ਹੁਣ ਤੱਕ ਨਗਰ ਕੌਂਸਲ ਦੇ ਰਹੇ ਪ੍ਰਧਾਨਾਂ ਵਲੋਂ ਸਰਕਾਰੀ ਨਿਯਮਾਂ ਦੀ ਅਣਦੇਖੀ ਕਰਕੇ ਪ੍ਰਾਈਵੇਟ ਵਿਅਕਤੀਆਂ ਨੂੰ ਵੇਚ ਦਿੱਤਾ ਗਿਆ ਹੈ ਅਤੇ ਨਗਰ ਕੌਂਸਲ ਦੇ ਖਜਾਨੇ ਵਿਚ ਕੋਈ ਰਕਮ ਜਮਾਂ ਨਹੀਂ ਹੋਈ;

ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਇਸ ਘਪਲੇ ਵਿਚ ਕਿਹੜੇ ਕਿਹੜੇ ਪ੍ਰਧਾਨ/ਅਧਿਕਾਰੀ/ਕਰਮਚਾਰੀ ਸ਼ਾਮਲ ਸਨ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ ਹੈ;

ਸ) ਪੰਜਾਬ ਸਰਕਾਰ ਭਾਗ (ਅ) ਵਿੱਚ ਦਰਜ ਨਗਰ ਕੌਂਸਲ ਦੀ ਜਮੀਨ ਵਾਪਿਸ ਹਾਸਲ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ?

### ਕੰਪਨਸੇਂਟਰੀ ਅਫੋਰੈਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲੈਨਿੰਗ ਸਕੀਮ

164. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿਚ ਸਾਲ 2012 ਤੋਂ 2017 ਤੱਕ ਕਪਨਸੇਟਰੀ ਅਫੋਰੈਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲੈਨਿੰਗ-ਸਕੀਮ ਤਹਿਤ ਸਾਲ ਵਾਇਜ਼ ਕਿੰਨੀ ਰਾਸ਼ੀ ਪ੍ਰਾਪਤ ਹੋਈ ਅਤੇ ਕਿੰਨੀ ਰਾਸ਼ੀ ਸਾਲ ਵਾਇਜ਼ ਖਰਚ ਕੀਤੀ ਗਈ ਹੈ?

ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਦਰਜ ਰਾਸ਼ੀ ਵਿਚੋਂ ਨਿਯਮਾਂ ਦੀ ਉਲੰਘਣਾ ਕਰਕੇ ਕਰੀਬ ਇਕ ਕਰੋੜ ਰੁਪਿਆ ਅਜਿਹੀ ਮਦ ਤੇ ਖਰਚ ਕੀਤਾ ਗਿਆ ਹੈ ਜਿਸ ਨੂੰ ਇਸ ਸਕੀਮ ਤਹਿਤ ਖਰਚ ਨਹੀ ਕੀਤਾ ਜਾ ਸਕਦਾ ਸੀ?

ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੈ ਤਾਂ ਇਸ ਖਰਚੇ ਦਾ ਵਿਸਥਾਰ ਦਿੱਤਾ ਜਾਵੇ ਕਿ ਕਿਸ ਮਦ ਤੇ ਖਰਚ ਕੀਤਾ ਗਿਆ ਹੈ ਅਤੇ ਇਸ ਦੇ ਲਈ ਜਿੰਮੇਵਾਰ ਅਧਿਕਾਰੀਆਂ ਖਿਲਾਫ਼ ਪੰਜਾਬ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

### ਇਜ਼ਰਾਈਲ ਦੀ ਤਰਜ ਤੇ ਸਪੈਸ਼ਲ ਓਪਰੇਸ਼ਨ ਗਰੁੱਪ ਤਿਆਰ ਕਰਨਾ

165. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮਾਰਚ 2017 ਵਿਚ ਇਜ਼ਰਾਇਲ ਦੀ ਤਰਜ਼ ਤੇ 270 ਜਵਾਨਾਂ ਦਾ ਸਪੈਸ਼ਲ ਓਪਰੇਸ਼ਨ ਗਰੁੱਪ ਤਿਆਰ ਕਰਨ ਲਈ ਮਾਨਯੋਗ ਮੁੱਖ ਮੰਤਰੀ ਪੰਜਾਬ ਨੇ ਘੋਸ਼ਣਾ ਕੀਤੀ ਸੀ ਤਾਂ ਜੋ ਅੱਤਵਾਦੀਆਂ ਵਲੋਂ ਕੀਤੇ ਜਾਂਦੇ ਹਮਲਿਆਂ ਦਾ ਮੁਕਾਬਲਾ ਕੀਤਾ ਜਾ ਸਕੇ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਹੁਣ ਤੱਕ ਕੀ ਪ੍ਰਗਤੀ ਹੋਈ ਹੈ ਅਤੇ ਪੰਜਾਬ ਸਰਕਾਰ ਨੇ ਇਸ ਸਪੈਸ਼ਲ ਓਪਰੇਸ਼ਨ ਗਰੁੱਪ ਲਈ ਕਿੰਨੀ ਰਕਮ ਖਰਚ ਕੀਤੀ ਹੈ;

ੲ) ਜੇਕਰ ਭਾਗ (ੳ) ਤੇ ਅਜੇ ਤੱਕ ਕੋਈ ਕਾਰਵਾਈ ਨਹੀ ਕੀਤੀ ਗਈ ਤਾਂ ਪਠਾਨਕੋਟ ਦੀ ਤਰਾਂ ਭਵਿੱਖ ਵਿਚ ਜੇਕਰ ਹਮਲੇ ਹੁੰਦੇ ਹਨ ਤਾਂ ਪੰਜਾਬ ਸਰਕਾਰ ਨੇ ਇਸ ਨਾਲ ਨਜਿੱਠਣ ਲਈ ਕੀ ਉਪਰਾਲੇ ਕੀਤੇ ਹਨ?

### ਜ਼ਿਲ੍ਹਾ ਬਠਿੰਡਾ ਵਿਖੇ ਨਸ਼ਾ ਛੁਡਾਓ ਕੇਂਦਰ ਬੰਦ ਕਰਨਾ

166. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬਠਿੰਡਾ ਵਿਖੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵਲੋਂ ਚਲਾਇਆ ਜਾ ਰਿਹਾ ਨਸ਼ਾ ਛਡਾਓ ਕੇਂਦਰ ਫੰਡਜ਼ ਦੀ ਘਾਟ ਕਰਕੇ ਬੰਦ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਨੇ ਇਸ ਨੂੰ ਚਾਲੂ ਰੱਖਣ ਲਈ ਉਪਰਾਲੇ ਕਿਉਂ ਨਹੀ ਕੀਤੇ ?

ਅ) ਕੀ ਉਪਰੋਕਤ ਭਾਗ (ੳ) ਵਿਚ ਦਰਜ ਨਸ਼ਾ ਛੁਡਾਓ ਕੇਂਦਰ ਬੰਦ ਕਰਨ ਨਾਲ ਪੰਜਾਬ ਸਰਕਾਰ ਦੀ ਨਸ਼ੇੜੀਆਂ ਨੂੰ ਨਸ਼ਾ ਮੁਕਤ ਕਰਨ ਦੀ ਪਾਲਿਸੀ ਨੂੰ ਨੁਕਸਾਨ ਨਹੀਂ ਪਹੁੰਚੇਗਾ?

### ਵੈਟ ਅਸੈੱਸਮੈਂਟ

194. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਵੈਟ ਡੀਲਰਜ਼ ਨੂੰ ਅਸੈੱਸਮੈਂਟ ਲਈ ਚੁਣਨ ਦਾ ਕੀ ਮਾਪਦੰਡ ਹੈ;

ਅ) ਸਾਲ 2008-09, 2009-10, 2010-11, 2011-12 ਦੌਰਾਨ ਰਾਜ ਭਰ ਵਿਚ ਕਿੰਨੇ ਕੇਸ ਵੈਟ ਅਸੈੱਸਮੈਂਟ ਲਈ ਸਿਲੈਕਟ ਕੀਤੇ ਗਏ ਹਨ ਅਤੇ ਅਸੈੱਸਮੈਂਟ ਵਿਚ ਸਰਕਾਰ ਨੂੰ ਕੁੱਲ ਕਿੰਨਾਂ ਮਾਲੀਆ ਇੱਕਠਾ ਹੋਇਆ ਹੈ?

ਪਰਤੋਂ ਜੀ....

## ਜ਼ਿਲ੍ਹਾ ਮੋਹਾਲੀ ਦੇ ਵੱਖ-ਵੱਖ ਪਿੰਡਾਂ ਦੀ ਐਕੁਆਇਰ ਕੀਤੀ ਗਈ ਜ਼ਮੀਨ ਦੀ ਐਵਾਰਡ ਮਨੀ ਦੇ ਵੇਰਵੇ

195. **ਸਰਦਾਰ ਕੰਵਰ ਸੰਧੂ, ਐਮ.ਐਲ.ਏ:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੜਕ ਮੁੱਲਾਂਪੁਰ ਬੈਰੀਅਰ ਤੋਂ ਸਿਸਵਾਂ ਟੀ ਪੁਆਇੰਟ ਤੱਕ ਦੇ ਐਵਾਰਡ ਨੰਬਰ 507 ਅਤੇ 516, ਈਕੋ ਸਿਟੀ-1 ਦੇ ਐਵਾਰਡ ਨੰਬਰ 518 ਅਤੇ 519, ਈਕੋ ਸਿਟੀ-2 (ਦੋ) ਦੇ ਐਵਾਰਡ ਨੰਬਰ 540-547-548 ਅਤੇ ਮੈਡੀਸਿਟੀ ਦੇ ਐਵਾਰਡ ਨੰਬਰ 528 ਦੇ ਰਾਹੀਂ ਪਿੰਡ ਮੁੱਲਾਂਪੁਰ ਗਰੀਬਦਾਸ, ਦੇਵੀਨਗਰ, ਭੜੌਂਜੀਆਂ, ਪੜੌਲ, ਹੁਸ਼ਿਆਰਪੁਰ, ਮਾਜਰਾ, ਤਕੀਪੁਰ, ਫਿਰੋਜਪੁਰ, ਇਸੇ ਤਰ੍ਹਾਂ ਐਵਾਰਡ ਨੰਬਰ 499,500,508,527,544 ਰਾਹੀਂ ਏਅਰ ਪੋਰਟ ਸੜਕ, ਐਰੋ ਸਿਟੀ, ਆਈ.ਟੀ.ਸਿਟੀ ਲਈ ਪਿੰਡ ਬਾਕਰਪੁਰ, ਸਫੀਪੁਰ, ਨਡਿਆਲੀ, ਕੰਡਾਲਾ, ਨਰਾਇਣਗੜ੍ਹ ਝੁੱਗੀਆਂ, ਕਿਸ਼ਨਪੁਰਾ, ਛੱਤ, ਮਟਰਾਂ, ਸੈਣੀਮਾਜਰਾ, ਮਨੌਲੀ, ਚੋਆਮਾਜਰਾ, ਜਿਲ੍ਹਾ ਮੋਹਾਲੀ ਦੀਆਂ ਜਮੀਨਾਂ ਜਿਵੇਂ ਕਿ ਗ੍ਰਾਮ ਪੰਚਾਇਤ, ਸ਼ਾਮਲਾਤ ਦੇਹ, ਮੁਸਤਕਾ ਮਾਲਕਾਨ ਹਸਬ ਰਸਦ ਜਰ ਖੇਵਟ ਅਤੇ ਪੱਤੀ ਸ਼ਾਮਲਾਤ, ਸਰਕਾਰ ਵਲੋਂ ਐਕਵਾਇਰ ਕੀਤੀਆਂ ਗਈਆਂ ਹਨ;

ਅ) ਉਪਰੋਕਤ ਕਿਸਮ ਦੀਆਂ ਐਕਵਾਇਰ ਕੀਤੀਆਂ ਜ਼ਮੀਨਾਂ ਦਾ ਕਿਸਮ ਵਾਈਜ਼ ਅਤੇ ਪਿੰਡ ਵਾਈਜ਼ ਰਕਬਾ ਅਤੇ ਐਵਾਰਡ ਵਾਈਜ਼ ਕੁੱਲ ਪੈਸਾ ਅਲੱਗ-ਅਲੱਗ ਕਿੰਨਾ ਹੈ ਅਤੇ ਕੀ ਇਹ ਰਕਮ ਜੋ ਲਗਭਗ 400 ਕਰੋੜ ਰੁਪਏ ਬਣਦੀ ਹੈ ਉਹ ਮਾਲਕਾਂ ਨੂੰ ਹਿੱਸਿਆਂ ਮੁਤਾਬਿਕ ਦਿੱਤੀ ਗਈ ਹੈ; ਜੇਕਰ ਹਾਂ ਤਾਂ ਉਸ ਦੇ ਵੇਰਵੇ ਕੀ ਹਨ; ਜੇਕਰ ਨਹੀਂ ਤਾਂ ਉਸ ਦੇ ਕਾਰਨ ਕੀ ਹਨ ਅਤੇ ਬਚੀ ਹੋਈ ਅਵਾਰਡ ਮਨੀ ਕਿੱਥੇ ਜਮ੍ਹਾਂ ਹੈ;

ੲ) ਕੀ ਇਹ ਵੀ ਠੀਕ ਹੈ ਕਿ ਪਿੰਡ ਹੁਸ਼ਿਆਰਪੁਰ, ਜਿਲ੍ਹਾ ਮੁਹਾਲੀ ਦੇ ਮਾਲਕਾਂ ਨੂੰ ਅਜਿਹੀ ਰਕਮ ਲਗਭਗ 1.50 ਕਰੋੜ ਰੁਪਏ ਵੰਡੀ ਗਈ ਸੀ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ?

## ਸਕੂਲਾਂ ਦੀਆਂ ਅਣਸੁੱਰਖਿਅਤ ਇਮਾਰਤਾਂ ਨੂੰ ਨਵੇਂ ਸਿਰਿਓਂ ਬਣਾਉਣਾ

196. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਪੰਜਾਬ ਭਰ ਵਿਚ ਕਿੰਨੇ ਸਕੂਲਾਂ ਦੀਆਂ ਇਮਾਰਤਾਂ/ਕਮਰੇ ਅਣਸੁਰੱਖਿਅਤ ਘੋਸ਼ਿਤ ਕੀਤੇ ਜਾ ਚੁੱਕੇ ਹਨ ਅਤੇ ਕੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਦਾ ਇਹਨਾ ਇਮਾਰਤਾਂ/ਕਮਰਿਆਂ ਨੂੰ ਨਵੇਂ ਸਿਰਿਓਂ ਬਣਾਉਣ ਦਾ ਟੀਚਾ ਹੈ; ਜੇਕਰ ਹੈ ਤਾਂ ਕਦੋਂ ਤੱਕ?

## ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਪ੍ਰਤੀਸ਼ਤਤਾ

197. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਚੰਡੀਗੜ੍ਹ ਨੂੰ ਯੂਨੀਅਨ ਟੈਰੀਟਰੀ ਬਣਾਉਂਣ ਵੇਲੇ ਇੱਥੇ ਵੱਖ-ਵੱਖ ਵਿਭਾਗਾਂ ਦੇ ਪ੍ਰਬੰਧ ਲਈ ਪੰਜਾਬ ਅਤੇ ਹਰਿਆਣਾ ਰਾਜਾਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਤਾਇਨਾਤ ਕਰਨ ਲਈ ਕੀ ਪ੍ਰਤੀਸ਼ਤਤਾ ਨਿਰਧਾਰਿਤ ਕੀਤੀ ਗਈ ਸੀ;

ਅ) ਕੀ ਉਪਰੋਕਤ ਭਾਗ (ੳ) ਵਿੱਚ ਨਿਰਧਾਰਿਤ ਕੀਤੀ ਗਈ ਪ੍ਰਤੀਸ਼ਤਤਾ ਇਸ ਵੇਲੇ ਪੂਰੀ ਹੈ; ਜੇਕਰ ਅਜਿਹਾ ਹੋਵੇ ਤਾਂ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਇਸ ਵੇਲੇ ਤਾਇਨਾਤ ਪੰਜਾਬ ਰਾਜ ਦੇ ਸੀਨੀਅਰ ਅਧਿਕਾਰੀਆਂ ਦੇ ਨਾਂ ਕੀ ਹਨ ਅਤੇ ਦੂਜੇ ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

ੲ) ਜੇਕਰ ਉਪਰੋਕਤ ਵਰਣਿਤ ਪ੍ਰਤੀਸ਼ਤਤਾ ਘੱਟ ਹੋਵੇ ਤਾਂ ਇਸ ਦੇ ਵਿਸਥਾਰ ਪੂਰਵਕ ਵੇਰਵੇ ਕੀ ਹਨ ?

## ਰਾਜ ਵਿੱਤ ਬੰਦ ਕੀਤੇ ਗਏ PSUs ਦੇ ਵੇਰਵੇ

198. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ:-** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਦੇ ਕਿੰਨੇ PSUs ਪਿਛਲੇ ਇੱਕ ਦਹਾਕੇ ਦੌਰਾਨ ਬੰਦ ਹੋਏ ਹਨ ਅਤੇ ਕੀ ਸਰਕਾਰ ਨੇ ਇਨ੍ਹਾਂ ਦੇ ਬੰਦ ਹੋਣ ਦੇ ਕਾਰਨਾਂ ਦੀ ਜਾਂਚ ਕਰਵਾਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਜੇਕਰ ਜਾਂਚ ਨਹੀਂ ਕਰਵਾਈ ਤਾਂ ਇਸ ਦੇ ਕੀ ਕਾਰਨ ਹਨ?

ਚੰਡੀਗੜ੍ਹ
ਮਿਤੀ 26 ਮਾਰਚ, 2018

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ